**ਪੰਜਾਬੀ-004**

**X (ਦਸਵੀਂ)**

# ਉੱਤਰ-ਕੁੰਜੀ: ਨਮੂਨੇ ਦਾ ਪ੍ਰਸ਼ਨ-ਪੱਤਰ

**ਮਾਰਚ-ਅਪ੍ਰੈਲ 2023**

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## I. ਪੜ੍ਹਨ ਕੌਸ਼ਲ (Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:** **2+2+2+1=7**

1. ਪੈਰੇ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ :

(i) ਚਟਾਨ-ਕਲਾ ਦੇ ਸ਼ੌਕੀਨਾਂ ਲਈ ਰਾਕ-ਗਾਰਡਨ ਦੀ ਕੀ ਮਹਤੱਤਾ ਹੈ ?

ਉੱਤਰ: ਚਟਾਨ-ਕਲਾ ਦੇ ਸ਼ੌਕੀਨਾਂ ਲਈ ਰਾਕ-ਗਾਰਡਨ ਕਿਸੇ ਪ੍ਰੇਰਨਾ-ਦਰਗਾਹ ਤੋਂ ਘੱਟ ਨਹੀਂ।

(ii) ਨੇਕ ਚੰਦ ਸਾਈਕਲ ਦੇ ਪੁਰਾਣੇ ਟਾਇਰਾਂ ਦੀ ਵਰਤੋਂ ਕਿਵੇਂ ਕਰਦਾ ਸੀ ?

ਉੱਤਰ: ਕਲਾ-ਕ੍ਰਿਤਾਂ ਬਣਾਉਣ ਸਮੇਂ ਨੇਕ ਚੰਦ ਸਾਈਕਲਾਂ ਦੇ ਪੁਰਾਣੇ ਟਾਇਰ ਬਾਲ਼ ਕੇ ਚਾਨਣ ਕਰਦੇ ਤੇ ਰਾਤ ਨੂੰ ਜੰਗਲ਼ ਵਿੱਚੋਂ ਬਾਹਰ ਆਉਣ ਲਈ ਬਲ਼ਦੇ ਟਾਇਰ ਨੂੰ ਮਸ਼ਾਲ ਵਾਂਗ ਵਰਤਦੇ।

(iii) ਨੇਕ ਚੰਦ ਨੇ ਕਬਾੜ ਤੋਂ ਕਲਾ-ਕ੍ਰਿਤਾਂ ਦਾ ਨਿਰਮਾਣ ਚੁੱਪ-ਚਾਪ ਕਿੰਨੇ ਸਾਲ ਕਰਦੇ ਰਹੇ ਅਤੇ ਇਸ ਦਾ ਪਤਾ ਕਦੋਂ ਲੱਗਾ ?

ਉੱਤਰ: ਨੇਕ ਚੰਦ ਨੇ ਅਠਾਰਾਂ ਸਾਲ ਕਬਾੜ ਤੋਂ ਕਲਾ-ਕ੍ਰਿਤਾਂ ਦਾ ਨਿਰਮਾਣ ਚੁੱਪ-ਚਾਪ ਕਰਦੇ ਰਹੇ ਅਤੇ ਇਸ ਦਾ ਪਤਾ 1976 ਈ. ਵਿੱਚ ਲੱਗਾ।

(iv) ਇਸ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

ਉੱਤਰ: ਰਾਕ-ਗਾਰਡਨ, ਨੇਕ ਚੰਦ ਦੀ ਕਲਾ, ਪੱਥਰਾਂ ਦਾ ਬਾਗ਼ ਆਦਿ।

**2.** ਕਾਵਿ-ਟੁਕੜੀ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ : **1X3=3**

(i) ਕਿਤਾਬਾਂ ਪੜ੍ਹਨ ਦਾ ਕੀ ਲਾਭ ਹੈ ?

ਉੱਤਰ: ਕਿਤਾਬਾਂ ਪੜ੍ਹਨ ਨਾਲ਼ ਗਿਆਨ ਵਧਦਾ ਹੈ।

(ii) ਕਿਤਾਬਾਂ ਤੋਂ ਬਿਨਾਂ ਕਮਰਾ ਕਿਸ ਤਰ੍ਹਾਂ ਲਗਦਾ ਹੈ ?

ਉੱਤਰ: ਕਿਤਾਬਾਂ ਤੋਂ ਬਿਨਾਂ ਕਮਰਾ ਫੁੱਲਾਂ ਤੋਂ ਬਿਨਾਂ ਗਮਲੇ ਵਰਗਾ ਲਗਦਾ ਹੈ

(iii) ਕਿਤਾਬਾਂ ਦਾ ਲੈਣ-ਦੇਣ ਕਿਸ ਤਰ੍ਹਾਂ ਵਧਾਇਆ ਜਾ ਸਕਦਾ ਹੈ ?

ਉੱਤਰ: ਕਿਤਾਬਾਂ ਦੇ ਤੋਹਫ਼ੇ ਦੇਣ ਤੇ ਇੱਕ ਦੂਜੇ ਤੋਂ ਸਦਾ ਕਿਤਾਬਾਂ ਲੈਣ ਨਾਲ਼ ਕਿਤਾਬਾਂ ਦਾ ਲੈਣ-ਦੇਣ ਵਧਾਇਆ ਜਾ ਸਕਦਾ ਹੈ

3. **ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** **1X4=4**

(i) ਹੇਠਾਂ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

ਉੱਤਰ: (d) ਸੇਵਾ-ਮੁਕਤ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਭਿੰਨ-ਭਿੰਨ ਅਰਥਾਂ ਵਾਲ਼ਾ ਇੱਕ ਸਮਾਸੀ ਸ਼ਬਦ ਹੈ :

ਉੱਤਰ: (b) ਸੋਨਾ-ਚਾਂਦੀ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਭਿੰਨ-ਭਿੰਨ ਅਰਥਾਂ ਵਾਲੇ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ :

ਉੱਤਰ: (a) ਅੰਗ-ਸਾਕ

(iv) 'ਧਰਮ-ਕਰਮ' ਦਾ ਠੀਕ ਸ਼ਬਦ-ਸਮੂਹ ਚੁਣੋ-

ਉੱਤਰ: (a) ਧਰਮ ਅਤੇ ਕਰਮ

(v) ਵਿਰੋਧੀ ਅਰਥ ਵਾਲ਼ਾ ਸਮਾਸੀ ਸ਼ਬਦ ਚੁਣੋ:-

ਉੱਤਰ: (d) ਔਖਾ-ਸੌਖਾ

4. **ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** **1X4=4**

(i) ਕਿਹੜਾ ਸ਼ਬਦ 'ਡੰਡੀ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀ ਹੈ ?

ਉੱਤਰ: (a) ਡੰਗ

(ii) ਜੋ ਸ਼ਬਦ ਇੱਕ ਤੋਂ ਜ਼ਿਆਦਾ ਅਰਥ ਰੱਖਦਾ ਹੈ, ਉਸ ਨੂੰ ਕੀ ਕਹਿੰਦੇ ਹਨ ?

ਉੱਤਰ: (d) ਬਹੁ-ਅਰਥਕ ਸ਼ਬਦ

(iii) 'ਡੋਲ' ਸ਼ਬਦ ਦੇ ਸਹੀ ਬਹੁ-ਅਰਥਕ ਸ਼ਬਦ ਸਮੂਹ ਨੂੰ ਚੁਣੋ:

ਉੱਤਰ: (c) ਭਾਂਡਾ, ਘਬਰਾ ਜਾਣਾ

(iv) 'ਸਰ' ਦਾ ਇੱਕ ਅਰਥ ਹੈ 'ਫ਼ਤਿਹ ਕਰਨਾ' ਦੂਜਾ ਅਰਥ ਹੈ :

ਉੱਤਰ: (b) ਕੰਮ ਹੋਣਾ

(v) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਵੱਡੀ ਤੱਕੜੀ' ਦਾ ਬਹੁ-ਅਰਥਕ ਸ਼ਬਦ ਹੈ :

ਉੱਤਰ: (c) ਕੰਡਾ

5. **ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** **1X4=4**

(i) ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ?

ਉੱਤਰ: (b) ਅੱਠ

(ii) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

ਉੱਤਰ: (c) ਅੰਦਰ, ਖੱਬੇ, ਨੇੜੇ

(iii) ਜੋ ਕਿਰਿਆ-ਵਿਸ਼ੇਸ਼ਣ ਕਿਰਿਆ ਦੇ ਕੰਮ ਹੋਣ ਦਾ ਸਮਾਂ ਦੱਸਣ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

ਉੱਤਰ: (d) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(iv) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਦੀਪਕ ਸਵੇਰੇ ਦਿੱਲੀ ਜਾਵੇਗਾ।

ਉੱਤਰ: (b) ਸਵੇਰੇ

(v) 'ਸ਼ੇਰ ਬਹੁਤ .............. ਦੌੜਦਾ ਹੈ।' ਵਾਕ ਵਿਚਲੇ ਖ਼ਾਲੀ-ਸਥਾਨ ਨੂੰ ਭਰਨ ਲਈ ਢੁਕਵਾਂ ਕਿਰਿਆ-ਵਿਸ਼ੇਸ਼ਣ ਚੁਣੋ :

ਉੱਤਰ: (c) ਤੇਜ਼

6. **ਅਗੇਤਰ-ਪਿਛੇਤਰ:** **4**

**ਪੁੱਛੇ ਗਏ ਅਨੁਸਾਰ ਹੱਲ ਕਰੋ:** **2+2=4**

(i) ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਅਗੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ, ਅਪ, ਸਰਵ

ਉੱਤਰ: ਉਪ: ਉਪ-ਭਾਸ਼ਾ, ਉਪ-ਨਾਮ, ਉਪ-ਰਾਸ਼ਟਰਪਤੀ

ਅਪ: ਅਪਸ਼ਬਦ, ਅਪਸ਼ਗਨ, ਅਪਵਾਦ

ਸਰਵ: ਸਰਵ-ਸ਼ਕਤੀਮਾਨ, ਸਰਵ-ਸਮਰੱਥ, ਸਰਵ-ਸਾਂਝੀ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਪਿਛੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਊ, ਈਨ, ਹੀਣ

ਉੱਤਰ: ਆਊ: ਭੜਕਾਊ, ਕਮਾਊ, ਵਿਕਾਊ

ਈਨ: ਰੰਗੀਨ, ਨਮਕੀਨ, ਬੇਹਤਰੀਨ

ਹੀਣ: ਗੁਣਹੀਣ, ਬਲਹੀਣ, ਦਿਸ਼ਾਹੀਣ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **1X4=4**

(i) ਕਿਸਮਤ ਦਾ ਧਨੀ ਹੋਣਾ : ਅਮਨ ਤਾਂ ਕਿਸਮਤ ਦਾ ਧਨੀ ਹੈ, ਜੋ ਵੀ ਕੰਮ ਕਰਦਾ ਹੈ, ਸਫ਼ਲ ਹੀ ਹੁੰਦਾ ਹੈ।

(ii) ਖਾਣ ਨੂੰ ਪੈਣਾ: ਬਲਜੀਤ ਜਦੋਂ ਦਾ ਬਿਮਾਰ ਰਹਿਣ ਲੱਗਿਆ ਹੈ, ਗੱਲ-ਗੱਲ 'ਤੇ ਖਾਣ ਨੂੰ ਪੈਂਦਾ ਹੈ।

(iii) ਘੋੜੇ ਵੇਚ ਕੇ ਸੌਣਾ: ਪਰੀਖਿਆ ਖਤਮ ਹੋਣ ਤੋਂ ਬਾਅਦ ਵਿਦਿਆਰਥੀ ਘੋੜੇ ਵੇਚ ਕੇ ਸੌਂ ਜਾਂਦੇ ਹਨ।

(iv) ਚਿਹਰਾ ਉਤਰ ਜਾਣਾ: ਚੋਣਾਂ ਵਿੱਚ ਹਾਰ ਹੋ ਜਾਣ ਦਾ ਪਤਾ ਲੱਗਣ 'ਤੇ ਉਮੀਦਵਾਰ ਦਾ ਚਿਹਰਾ ਉਤਰ ਗਿਆ।

(v) ਛਿੱਕੇ ਉੱਤੇ ਟੰਗਣਾ: ਅਜੋਕੀ ਨੌਜਵਾਨ ਪੀੜ੍ਹੀ ਨਿਯਮਾਂ-ਕਨੂੰਨਾਂ ਨੂੰ ਛਿੱਕੇ ਉੱਤੇ ਟੰਗਣ ਵਿੱਚ ਆਪਣੀ ਸ਼ਾਨ ਸਮਝਦੀ ਹੈ।

www.CBSEtips.in

(vi) ਜ਼ਬਾਨ ਨੂੰ ਲਗਾਮ ਦੇਣਾ: ਜਿਹੜੇ ਵਿਅਕਤੀ ਆਪਣੀ ਜ਼ਬਾਨ ਨੂੰ ਲਗਾਮ ਦੇ ਕੇ ਰੱਖਦੇ ਹਨ, ਉਹ ਜੀਵਨ ਵਿੱਚ ਹਮੇਸ਼ਾਂ ਸੁਖੀ ਰਹਿੰਦੇ ਹਨ।

(vii) ਡੰਗ ਟਪਾਉਣਾ: ਕਰੋਨਾ-ਕਾਲ ਵਿੱਚ ਪੈਸੇ ਦੇ ਕਮੀ ਕਾਰਨ ਆਮ ਲੋਕਾਂ ਨੂੰ ਬਹੁਤ ਮੁਸ਼ਕਲ ਨਾਲ਼ ਆਪਣਾ ਡੰਗ ਟਪਾਉਣਾ ਪਿਆ।

## III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part B: Writing Skill) 8+7+5=20

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 8X1=8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ |

9. ਸਿਹਤ ਵਿਭਾਗ ਦੇ ਡਾਇਰੈਕਟਰ ਤੁਹਾਡੇ ਇਲਾਕੇ ਵਿੱਚ ਫੈਲ ਰਹੀ ਡੇਂਗੂ ਦੀ ਬਿਮਾਰੀ ਅਤੇ ਲੋਕਾਂ ਦੀ ਸਿਹਤ-ਜਾਂਚ ਕਰਨ ਲਈ, ਹਰ ਹਫ਼ਤੇ ਇੱਕ ਕੈਂਪ ਲਾਉਣ ਲਈ ਪੱਤਰ ਲਿਖੋ।

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ । 7X1=7

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਅਰੰਭਲਾ ਭਾਗ: | 2 ਅੰਕ |
| ਵਿਚਕਾਰਲਾ ਭਾਗ: | 4 ਅੰਕ |
| ਅੰਤਲਾ ਭਾਗ: | 1 ਅੰਕ |

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 5X1=5

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ

www.CBSEtips.in

**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**
ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਵਿਚਲੀ ਪੀਣ ਵਾਲੇ ਪਾਣੀ ਦੀ ਘਾਟ ਦੀ ਸਮੱਸਿਆ ਹੱਲ ਕਰਨ ਲਈ ਪੱਤਰ ਲਿਖੋ।
ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**( IV. Text Books based questions) 5+5+8+8+4=30**

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :**

**1X5=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ ?

ਉੱਤਰ: (b) ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

(ii) ਲੇਖਕ ਨੇ ਮਹਿੰਗੀ ਤੇ ਪਿਆਰੀ ਵਿਰਾਸਤ ਕਿਸ ਨੂੰ ਆਖਿਆ ਹੈ ?

ਉੱਤਰ: (a) ਬੋਲੀ ਨੂੰ

(iii) ਚੌਧਰੀ ਚੜ੍ਹਤ ਸਿੰਘ ਨੇ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੂੰ ਬੇਨਤੀ ਕੀਤੀ ?

ਉੱਤਰ: (c) ਬਾਬੇ ਪੂਨੂੰ ਨੂੰ

(iv) **'ਕੁਲਫ਼ੀ'** ਕਹਾਣੀ ਦੇ ਲੇਖਕ ਦਾ ਨਾਮ ਦੱਸੋ।

ਉੱਤਰ: (d) ਸੁਜਾਨ ਸਿੰਘ

(v) ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

ਉੱਤਰ: (a) ਠੰਡੀ-ਖਾਰਾ

(vi) ਕਰਤਾਰ ਸਿੰਘ ਦੇ ਸਿਰ ਸੁਸਾਇਟੀ ਦਾ ਕਿੰਨਾ ਕਰਜ਼ਾ ਸੀ ?

ਉੱਤਰ: (c) ਸਾਢੇ ਸੋਲਾਂ ਸੌ ਰੁਪਏ

12. **ਕਵਿਤਾ ਤੇ ਇਕਾਂਗੀ ਵਿੱਚੋਂ ( ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :**

**1X5=5**

(i) 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

ਉੱਤਰ: ਪਰਮਾਤਮਾ ਦੀ

(ii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਖਤੇ' ਸ਼ਬਦ ਦਾ ਕੀ ਅਰਥ ਹੈ ?

ਉੱਤਰ: ਭੁੱਲਾਂ, ਪਾਪ

(iii) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਜੀ ਦੇ ਪ੍ਰਭਾਵ ਨਾਲ਼ ਘਰ-ਘਰ ਅੰਦਰ ਕੀ ਬਣ ਗਈ ਹੈ?

ਉੱਤਰ: ਧਰਮਸਾਲ (ਧਰਮ ਸਥਾਨ), ਪਰਮਾਤਮਾ ਦਾ ਘਰ

(iv) ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਨਾਮ ਸਿਮਰਨ ਨਾਲ਼ ਕੀ ਪ੍ਰਾਪਤ ਹੁੰਦਾ ਹੈ ?

ਉੱਤਰ: ਆਤਮਿਕ ਅਨੰਦ, ਮਹਾਂ ਸੁਖ

(v) 'ਜੰਗ ਦਾ ਹਾਲ' ਰਚਨਾ ਵਿੱਚ 'ਫ਼ਰੰਗੀ' ਸ਼ਬਦ ਤੋਂ ਕੀ ਭਾਵ ਹੈ ?

ਉੱਤਰ: ਅੰਗਰੇਜ਼

(vi) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

ਉੱਤਰ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

(vii) 'ਦੂਜਾ ਵਿਆਹ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?

ਉੱਤਰ: ਸੰਤ ਸਿੰਘ ਸੇਖੋਂ

13. **ਕਹਾਣੀ ਤੇ ਇਕਾਂਗੀ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :**

**2X4=8**

(i) 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ?

ਉੱਤਰ: ਸੁਸਾਇਟੀ ਦੇ ਇਨਸਪੈਕਟਰ ਨੇ ਉਸ ਦੇ ਪਿਤਾ ਦੇ ਸਿਰ ਚੜ੍ਹੇ ਸਾਢੇ ਸੋਲਾਂ ਸੌ ਰੁਪਏ ਦੇ ਕਰਜ਼ੇ ਨੂੰ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਯੱਕਮੁਸ਼ਤ/ਇੱਕੋ ਵਾਰ ਮੋੜਨ ਦੀ ਥਾਂ ਦੋ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਉਣ ਦੀ ਮੁਹਲਤ ਦਿੱਤੀ।

(ii) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ?

ਉੱਤਰ: ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਰਦਾ ਹੈ ਕਿ ਉਸ ਦੀ ਪੜ੍ਹਾਈ ਭਾਵੇਂ ਆਪਣੇ ਪਿਤਾ ਨਾਲੋਂ ਕਈ ਗੁਣਾਂ ਵੱਧ ਸੀ ਪਰ ਆਮਦਨ ਉਹਨਾਂ ਤੋਂ ਬਹੁਤ ਘੱਟ ਸੀ।

(iii) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ ?

ਉੱਤਰ: ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਲੜਾਈ ਵਿੱਚ ਮੌਤ ਹੋ ਜਾਣ ਦੀ ਖ਼ਬਰ ਛੁਪਾਈ, ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਵੇ।

(iv) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ?

ਉੱਤਰ: ਮਨਜੀਤ ਦੀ ਸੱਸ ਨਿਹਾਲ ਕੌਰ ਉਸ ਨੂੰ ਆਪਣੇ ਪੁੱਤਰ ਸੁਖਦੇਵ ਦਾ ਦੂਜਾ ਵਿਆਹ ਕਰਵਾ ਦੇਣ ਦਾ ਡਰਾਵਾ ਦਿੰਦੀ ਰਹਿੰਦੀ ਹੈ ।

(v) ਔਰੰਗਜ਼ੇਬ ਕੋਲ਼ 'ਜ਼ਫ਼ਰਨਾਮਾ' ਕੌਣ ਲੈ ਕੇ ਗਿਆ ਸੀ ?

ਉੱਤਰ: ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਲਿਖਿਆ ਖ਼ਤ 'ਜ਼ਫ਼ਰਨਾਮਾ' ਔਰੰਗਜ਼ੇਬ ਕੋਲ਼ ਭਾਈ ਦਯਾ ਸਿੰਘ ਨਾਂ ਦਾ ਸਿੱਖ ਲੈ ਕੇ ਗਿਆ ਸੀ ਤੇ ਉਹਨਾਂ ਨੇ 'ਜ਼ਫ਼ਰਨਾਮਾ' ਆਪਣੇ ਹੱਥੀਂ ਔਰੰਗਜ਼ੇਬ ਨੂੰ ਦਿੱਤਾ ਸੀ।

14. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :**

**4X2=8**

(i) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?

ਉੱਤਰ: ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ ਅਤੇ ਚਾਨਣ ਹੋ ਜਾਣ ਤੋਂ ਭਾਵ ਹੈ ਕਿ ਜਗਤ ਵਿੱਚੋਂ ਅਵਿੱਦਿਆ ਰੂਪੀ ਧੁੰਦ ਮਿਟ ਗਈ ਹੈ ਤੇ ਗਿਆਨ ਰੂਪ ਚਾਨਣ ਹੋ ਗਿਆ ਹੈ। ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ਼ ਤਾਰੇ ਅਲੋਪ ਹੋ ਜਾਂਦੇ ਹਨ ਉਸੇ ਤਰ੍ਹਾਂ ਪਖੰਡੀ ਅਲੋਪ ਹੋ ਗਏ ਹਨ ਤੇ ਭਰਮ-ਜਾਲ਼ ਹਟ ਗਿਆ ਹੈ।

ਜਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਕੀ ਲਾਭ ਹੁੰਦਾ ਹੈ ?

ਉੱਤਰ: ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ, ਪਰਮਾਤਮਾ ਦੇ ਗੁਣ ਗਾ ਕੇ ਮਨ ਠੰਢਾ-ਠਾਰ ਹੋ ਜਾਂਦਾ ਹੈ। ਪੂਰਨ ਗੁਰੂ ਦੇ ਰਾਹੀਂ ਹੀ ਮਨ ਅੰਦਰ ਆਤਮਿਕ ਉਤਸ਼ਾਹ ਦੀ ਹਾਲਤ ਪ੍ਰਬਲ ਹੋ ਜਾਂਦੀ ਹੈ ਤੇ ਵਿਕਾਰਾਂ ਨਾਲ਼ ਹੋ ਰਹੇ ਔਖੇ ਘੋਲ਼ ਵਿੱਚ ਜਿੱਤ ਪ੍ਰਾਪਤ ਹੋ ਜਾਂਦੀ ਹੈ।

(ii) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

ਉੱਤਰ: ਪੈਦਲ ਤੁਰਨਾ ਮਨੁੱਖੀ ਸਰੀਰ ਲਈ ਬਹੁਤ ਲਾਭਦਾਇਕ ਹੈ, ਤੁਰਨ ਨਾਲ਼ ਮਨੁੱਖੀ ਸਰੀਰ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ, ਤੁਰਨ ਨਾਲ਼ ਭੁੱਖ ਲਗਦੀ ਹੈ ਤੇ ਆਤਮ-ਵਿਸ਼ਵਾਸ਼ ਪੈਦਾ ਹੁੰਦਾ ਹੈ। ਆਤਮ-ਹੱਤਿਆ ਕਰਨ ਚੱਲੇ ਮਨੁੱਖ ਤੁਰਨ ਕਾਰਨ ਹੀ ਆਪਣਾ ਇਰਾਦਾ ਬਦਲਦੇ ਵੇਖੇ ਗਏ ਹਨ। ਤੁਰਨ ਵਾਲ਼ਾ ਵਿਅਕਤੀ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ ਤੇ ਕੁਦਰਤ ਉਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦਿੰਦੀ ਹੈ।

ਜਾਂ

ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ ਜਿਹੀ ਤਬਦੀਲੀ ਆਈ ?

ਉੱਤਰ: ਪ੍ਰਾਰਥਨਾ ਕਰਨ ਨਾਲ਼ ਧਾੜਵੀ ਕੈਦੀ ਦਾ ਮਨ ਸ਼ਾਂਤ ਹੋ ਗਿਆ। ਉਸ ਨੂੰ ਅਰਦਾਸ ਦੀ ਮਹੱਤਤਾ ਦੀ ਸਮਝ ਆ ਗਈ ਸੀ ਤੇ ਸ਼ਬਦ ਪੜ੍ਹਨ 'ਤੇ ਹੁਣ ਉਸ ਨੂੰ ਅਨੰਦ ਆਉਣ ਲੱਗਾ। ਉਹ ਹਰ ਕਿਸੇ ਨਾਲ਼ ਮਿੱਠਾ ਬੋਲਣ ਤੇ ਨਿਮਰਤਾ ਨਾਲ਼ ਪੇਸ਼ ਆਉਣ ਲੱਗਾ। ਪ੍ਰਾਰਥਨਾ ਨਾਲ਼ ਕੈਦੀ ਦੇ ਵਿਹਾਰ ਵਿੱਚ ਬਹੁਤ ਵੱਡੀ ਤਬਦੀਲੀ ਆਈ ।

15. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 4X1=4**

(i) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ।

ਉੱਤਰ: 'ਜ਼ਫ਼ਰਨਾਮਾ ਇਕਾਂਗੀ ਅਨੁਸਾਰ ਕੋਈ ਵੀ ਹੁਕਮਰਾਨ ਮਜ਼ਬੂਤ ਹੱਥਾਂ ਅਤੇ ਪੁਖ਼ਤਾ ਇਰਾਦੇ ਨਾਲ਼ ਕਿਸੇ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਵਿੱਚ ਸਫ਼ਲ ਨਹੀਂ ਹੋ ਸਕਦਾ ਬਲਕਿ ਅਸ਼ੋਕ ਅਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਹੀ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਇਹ ਸਭ ਕੁਝ ਸਭ ਧਰਮਾਂ ਦੇ ਲੋਕਾਂ ਦੇ ਸਤਿਕਾਰ ਕਰਨ ਨਾਲ਼ ਹੀ ਸੰਭਵ ਹੁੰਦਾ ਹੈ।

(ii) ਮਨਜੀਤ ਕੌਰ ਦਾ ਸੁਭਾਅ ਕਿਹੋ ਜਿਹਾ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਦੱਸੋ।

ਉੱਤਰ: ਮਨਜੀਤ ਕੌਰ ਦੂਜਾ ਵਿਆਹ' ਇਕਾਂਗੀ ਦੀ ਮੁੱਖ ਪਾਤਰ ਹੈ, ਉਹ ਨਿਹਾਲ ਕੌਰ ਦੀ ਨੂੰਹ ਅਤੇ ਸੁਖਦੇਵ ਦੀ ਪਤਨੀ ਹੈ। ਉਹ ਕਿਸੇ ਗੱਲ ਦਾ ਗੁੱਸਾ ਨਾ ਕਰਨ ਵਾਲ਼ੀ ਹਸਮੁਖ ਸੁਭਾਅ ਦੀ ਹੈ। ਉਹ ਆਪਣੀ ਸੱਸ, ਸਹੁਰੇ, ਪਤੀ ਤੇ ਨਨਾਣ ਆਦਿ ਸਭ ਦਾ ਬਰਾਬਰ ਸਤਿਕਾਰ ਕਰਦੀ ਹੈ। ਉਹ ਔਰਤ ਦੇ ਹੱਕ ਵਿੱਚ ਹੱਕ ਕਰਨ ਵਾਲ਼ੀ ਹਾਜ਼ਰ-ਜਵਾਬ ਸੁਹਿਰਦ ਮੁਟਿਆਰ ਹੈ।